Surrey Schools
LEADERSHIP IN LEARNING

Tel: 604.596.7733
www.surreyschools.ca

# ਫਾਊਂਡੇਸ਼ਨ ਸਕਿਲਜ਼ ਇਮਤਿਹਾਨਾਂ ਦੀ ਮਾਪਿਆਂ ਲਈ ਜਾਣਕਾਰੀ
# Important FSA Information for Parents

## ਇਹ ਫਾਂਊਡੇਸ਼ਨ ਸਕਿਲਜ਼ ਅਸੈਸਮੈਂਟ ਕੀ ਹੈ ?

ਇਹ ਬੀ. ਸੀ. ਦੇ 4ਥੀ ਅਤੇ 7ਵੀਂ ਦੇ ਬੱਚਿਆਂ ਦੀ ਸਲਾਨਾ ਕਿਤਾਬਾਂ ਪੜ੍ਹਨ, ਲੇਖ ਲਿਖਣ ਅਤੇ ਗਣਿਤ ਵਿਗਿਆਨ ਵਿੱਚ ਮਾਹਿਰਤਾ ਨੂੰ ਨਾਪਣ ਲਈ ਇੱਕ ਇਮਤਿਹਾਨ ਹੈ । ਇਹ ਇਮਤਿਹਾਨ ਅਧਿਆਪਕਾਂ ਰਾਹੀਂ ਤਿਆਰ ਕੀਤੇ ਅਤੇ ਸੂਬੇ ਵਿੱਚ ਲਾਗੂ ਹੋਏ ਪਾਠਕ੍ਰਮ ਉਪਰ ਨਿਰਭਰ ਹੈ । ਇਹਨਾਂ ਦਾ ਮੁੱਖ ਮੰਤਵ ਹੈ ਕਿ ਵਿਦਿਆ ਵਿਭਾਗ, ਸਕੂਲ ਜਿਲੇ ਅਤੇ ਸਕੂਲ ਇਹ ਲਗਾਤਾਰ ਜਾਣ ਸਕਣ ਕਿ ਬੱਚੇ ਮੁੱਖ ਮਜ਼ਬੂਨਾਂ ਵਿੱਚ ਕਿਸ ਤਰਾਂ ਤਰੱਕੀ ਕਰ ਰਹੇ ਹਨ । ਇਸ ਜਾਣਕਾਰੀ ਨਾਲ ਇਹਨਾਂ ਤਿੰਨਾ ਲੈਵਲਾਂ ਵਿੱਚ ਭਵਿੱਖ ਲਈ ਲੋੜੀਂਦੀਆਂ ਸਕੀਮਾਂ ਬਣਾਈਆਂ ਜਾ ਸਕਦੀਆਂ ਹਨ ਇਸ ਜਾਣਕਾਰੀ ਰਾਹੀਂ ਬੱਚਿਆਂ ਦੀ ਮੁੱਖ ਵਿਸ਼ਿਆਂ ਵਿੱਚ ਇੱਕ ਸਮੇਂ ਦੀ ਮਾਹਿਰਤਾ ਦੀ ਤਸਵੀਰ ਖਿੱਚੀ ਜਾਂਦੀ ਹੈ । ਇਹ ਜਾਣਕਾਰੀ ਕਲਾਸ ਦੇ ਅਧਿਆਪਕ ਰਾਹੀਂ ਦਿੱਤੇ ਗਏ ਇਮਤਿਹਾਨਾਂ ਅਤੇ ਹੋਰ ਸਕੂਲ ਦੀ ਜਾਣਕਾਰੀ ਨਾਲ ਰਲ ਕਿ ਵਰਤੋਂ ਵਿੱਚ ਆਉਂਦੀ ਹੈ ।

## ਇਹਨਾਂ ਇਮਤਿਹਾਨਾਂ ਦੇ ਨਤੀਜੇ ਕਦੋਂ ਨਿਕਲਦੇ ਹਨ ?

ਇਸ ਸਾਲ ਇਹ ਇਮਤਿਹਾਨ ਅਕਤੂਬਰ ਅਤੇ ਨਵੰਬਰ ਵਿੱਚ ਲਿਖੇ ਜਾ ਰਹੇ ਹਨ ਅਤੇ ਇਹਨਾਂ ਦਾ ਸਕੂਲ ਅਤੇ ਸਕੂਲ ਡਿਸਟਰਿਕਟ ਦਾ ਨਤੀਜਾ ਸਕੂਲ ਸਾਲ ਦੇ ਅੰਤ ਤੱਕ ਆਮ ਸਾਂਝਾ ਕੀਤਾ ਜਾਵੇਗਾ ।ਦਸੰਬਰ ਦੇ ਅੰਤ ਵਿੱਚ ਜਿਸ ਇਮਤਿਹਾਨ ਪੇਪਰ ਵਿੱਚ ਬੱਚਿਆਂ ਨੇ ਲਿਖਿਆ ਸੀ ਅਤੇ ਹਰ ਬੱਚੇ ਦਾ ਨਤੀਜਾ ਓਹਨਾਂ ਨਾਲ ਮਾਪਿਆਂ ਨੂੰ ਘਰ ਭੇਜਿਆ ਜਾਏਗਾ । ਇਸ ਤਰਾਂ ਮਾਂ ਬਾਪ ਦੇਖ ਸਕਦੇ ਹਨ ਕਿ ਓਹਨਾਂ ਦੇ ਬੱਚੇ ਨੇ ਕਿਸ ਤਰਾਂ ਦਾ ਇਮਤਿਹਾਨ ਲਿਖਿਆ ਅਤੇ ਬੱਚੇ ਦਾ ਨਤੀਜਾ ਕਿਸ ਤਰਾਂ ਰਿਹਾ । ਯਾਦ ਰਹੇ ਕਿ ਇੱਕ ਬੱਚੇ ਦੀਆਂ ਸਾਰੀਆਂ ਮਾਹਿਰਤਾਂ ਬਾਰੇ ਇਸ ਇਕੱ ਇਮਤਿਹਾਨ ਤੋਂ ਨਹੀਂ ਪਤਾ ਚਲਦਾ । ਬੱਚੇ ਦੀ ਮਾਹਿਰਤਾ ਦੇ ਬਾਰੇ ਦੀ ਪੂਰੀ ਜਾਣਕਾਰੀ ਓਸ ਦੇ ਅਧਿਆਪਕ ਤੋਂ ਹੀ ਮਿਲ ਸਕਦੀ ਹੈ ।

## ਕੀ ਇਹ ਇਮਤਿਹਾਨ ਬੱਚੇ ਦੇ ਰਿਪੋਰਟ ਕਾਰਡ ਦੇ ਨੰਬਰਾਂ ਓਪਰ ਵੀ ਅਸਰਦਾਰ ਹਨ ?

ਬਿਲਕੁਲ ਨਹੀਂ । ਇਹਨਾਂ ਇਮਤਿਹਾਨਾਂ ਦੇ ਨੰਬਰ ਇੱਕ ਸਮੇਂ ਬੱਚੇ ਦੀ ਨਿਪੁੰਨਤਾ ਬਾਰੇ ਜਾਣਕਾਰੀ ਦਿੰਦੇ ਹਨ । ਇਹਨਾਂ ਨਾਲ ਕਿਸੇ ਵਿਸ਼ੇ ਜਾਂ ਕਲਾਸ ਦੇ ਲੈਵਲ ਦਾ ਕੋਈ ਸਬੰਧ ਨਹੀਂ ਹੈ ਲੇਕਿਨ ਇਹਨਾਂ ਨਾਲ ਬੱਚਿਆਂ ਦੀ ਬੁਨਿਆਦੀ ਤੌਰ ਓਪਰ ਦੀ ਮਾਹਿਰਤਾ ਜੋ ਇੱਕ ਜਮਾਤ ਜਾਂ ਇੱਕ ਵਿਸ਼ੇ ਵਿੱਚ ਹੋਵੇ, ਬਾਰੇ ਜਾਣਕਾਰੀ ਮਿਲਦੀ ਹੈ । ਓਦਾਹਰਣ ਵਜੋਂ ਬੱਚੇ ਸਧਾਰਣ ਵਿਗਿਆਨ ਦੀ ਵੀ ਅਤੇ ਸਮਾਜਿਕ ਦੀ ਕਿਤਾਬ ਵੀ ਪੜ੍ਹਦੇ ਹਨ ਅਤੇ ਸਾਰਾ ਦਿਨ ਗਣਿਤ ਵਿਗਿਆਨ ਤੋਂ ਇਲ੍ਹਾਵਾ ਨੰਬਰਾਂ ਦਾ ਇਸਤੇਮਾਲ ਹੋਰ ਵਿਸ਼ਿਆਂ ਵਿੱਚ ਵੀ ਕਰਦੇ ਹਨ ।

## ਇਹ ਇਮਤਿਹਾਨ ਕੌਣ ਲਿਖਦਾ ਹੈ ?

ਹਰ 4ਥੀ ਅਤੇ 7ਵੀਂ ਕਲਾਸ ਦੇ ਬੱਚੇ ਤੋਂ ਇਹ ਇਮਤਿਹਾਨ ਲਿਖਣ ਦੀ ਆਸ ਰੱਖੀ ਜਾਂਦੀ ਹੈ । ਇਹ ਇਮਤਿਹਾਨ ਓਹ ਬੱਚੇ ਨਹੀਂ ਲਿਖਦੇ ਜੋ: (1) ਆਈ. ਈ. ਪੀ. ਸਕੀਮ ਓਪਰ ਹੋਣ ਜਾਂ ਜਿਹੜੇ ਲਿਖਣ ਪੜ੍ਹਣ ਅਤੇ ਹਿਸਾਬ ਦੇ ਵਿਸ਼ਿਆਂ ਵਿੱਚ ਯੋਗ ਨਾ ਹੋਣ,(2) ਜਿਹਨਾਂ ਨੂੰ ਆਈ.ਈ.ਪੀ. ਸਕੀਮ ਦੇ ਅਧੀਨ ਬਹੁਤ ਹੀ ਜ਼ਿਆਦਾ ਸਹਾਇਤਾਂ ਦੀ ਲੋੜ ਪਵੇ, (3) ਜਿਹਨਾਂ ਨੂੰ ਅੰਗਰੇਜ਼ੀ ਲਿਖਣ ਅਤੇ ਪੜ੍ਹਣ ਵਿੱਚ ਦਿੱਕਤ ਹੋਵੇ ਸਹੀ ਜਵਾਬ ਦੇਣ ਲਈ । ਸਕੂਲ ਦਾ ਪ੍ਰਿੰਸੀਪਲ ਇਹ ਫੈਸਲਾ ਕਰਦਾ ਹੈ ਕਿ ਕੋਣ ਇਹ ਇਮਤਿਹਾਨ ਨਹੀਂ ਲਿਖੇਗਾ । ਜਿਹੜੇ ਬੱਚੇ ਇਹ ਇਮਤਿਹਾਨ ਨਹੀਂ ਲਿਖ ਰਹੇ, ਓਹਨਾਂ ਦੇ ਮਾਪਿਆਂ ਨੂੰ ਇਹ ਜਾਣਕਾਰੀ ਪਹਿਲਾਂ ਦਿੱਤੀ ਜਾਵੇਗੀ । ਹੋਰ ਜਾਣਕਾਰੀ ਲਈ ਸਕੂਲ ਦੇ ਪ੍ਰਿੰਸੀਪਲ ਨੂੰ ਮਿਲੋ । ਬੱਚਿਆਂ ਨੂੰ ਹੌਸਲਾ ਦਿੱਤਾ ਜਾਂਦਾ ਹੈ ਕਿ ਓਹ ਇਹਨਾਂ ਇਮਤਿਹਾਨਾਂ ਵਿੱਚ ਆਪਣੀ ਪੂਰੀ ਕੋਸ਼ਿਸ਼ ਕਰਨ ਤਾਂ ਕਿ ਓਹਨਾਂ ਦੇ ਭਵਿੱਖ ਵਿੱਚ ਹੋਰ ਵੀ ਮਦਦਗਾਰ ਪ੍ਰੋਗਰਾਮ ਓਲੀਕੇ ਜਾ ਸਕਣ ।

## ਮੈਂ ਹੋਰ ਜਾਣਕਾਰੀ ਕਿਥੋਂ ਲੈ ਸਕਦਾ/ਸਕਦੀਂ ਹਾਂ ?

ਹੋਰ ਜਾਣਕਾਰੀ ਤੁਸੀਂ ਬੱਚੇ ਦੇ ਸਕੂਲ ਤੋਂ ਲੈ ਸਕਦੇ ਹੋ, ਸਕੂਲ ਬੋਰਡ ਦੇ ਦਫਤਰ ਵਿੱਚੋਂ ਲੈ ਸਕਦੇ ਹੋ । ਹੋਰ ਜਾਣਕਾਰੀ ਲਈ ਤੁਸੀਂ ਆਪਣੇ ਕੰਪਿਊਟਰ ਦੇ ਜ਼ਰੀਏ, ਇਸ ਪਤੇ ਤੋਂ ਲੈ ਸਕਦੇ ਹੋ: http://www.bced.gov.bc.ca/assessment/fsa/